# ਪ੍ਰੈਸ ਨੋਟ

ਮਾਨਯੋਗ ਸੀਨੀਅਰ ਪੁਲਿਸ ਕਪਤਾਨ ਸ਼੍ਰੀ ਸਰਤਾਜ ਸਿੰਘ ਚਾਹਲ, IPS ਜੀ ਦੇ ਦਿਸ਼ਾ ਨਿਰਦੇਸ਼ ਮੁਤਾਬਿਕ ਸ਼੍ਰੀ ਮੁਖਤਿਆਰ ਰਾਏ ਪੀ.ਪੀ.ਐਸ, ਪੁਲਿਸ ਕਪਤਾਨ/ਤਫਤੀਸ਼ ਹੁਸ਼ਿਆਰਪੁਰ, ਸ਼੍ਰੀ ਸਰਬਜੀਤ ਰਾਏ ਪੀ.ਪੀ.ਐੱਸ, ਉਪ-ਕਪਤਾਨ ਪੁਲਿਸ ਤਫਤੀਸ਼/ਹੁਸ਼ਿਆਰਪੁਰ ਅਤੇ ਸ਼੍ਰੀ ਪ੍ਰੇਮ ਸਿੰਘ ਪੀ.ਪੀ.ਐੱਸ, ਉਪ-ਕਪਤਾਨ ਪੁਲਿਸ ਸਿਟੀ/ਹੁਸ਼ਿਆਰਪੁਰ ਜੀ ਦੀ ਯੋਗ ਅਗਵਾਈ ਹੇਠ ਥਾਣਾ ਸਦਰ ਹੁਸ਼ਿਆਰਪੁਰ ਦੇ ਮੁੱਖ ਅਫਸਰ ਐੱਸ.ਆਈ ਸੁਰਜੀਤ ਸਿੰਘ ਪੱਡਾ ਵਲੋਂ ਭੈੜੇ ਪੁਰਸ਼ਾਂ ਅਤੇ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਤਹਿਤ ਥਾਣਾ ਸਦਰ ਹੁਸ਼ਿਆਰਪੁਰ ਦੀ ਪੁਲਿਸ ਨੂੰ ਉਸ ਸਮੇਂ ਕਾਮਯਾਬੀ ਮਿਲੀ ਜਦੋਂ ਮਿਤੀ 30-04-2022 ਨੂੰ ਐਸ.ਆਈ. ਸੇਵਕ ਸਿੰਘ ਥਾਣਾ ਸਦਰ ਹੁਸ਼ਿਆਰਪੁਰ ਸਮੇਤ ਸਾਥੀ ਕਰਮਚਾਰੀਆਂ ਬਸੀ ਗੁਲਾਮ ਹੁਸੈਨ ਬੰਨ ਭੰਗੀ ਚੋਅ ਮੌਜੂਦ ਸੀ ਤੇ ਸ਼ੱਕੀ ਵਿਅਕਤੀਆ/ਵਹੀਕਲਾ ਦੀ ਚੈਕਿੰਗ ਕਰ ਰਹੇ ਸਨ ਤੇ ਮੁਖਬਰ ਖਾਸ ਵਲੋ ਦੱਸੇ ਹੁਲੀਆ ਮੁਤਾਬਿਕ **ਸੰਜੀਵ ਕੁਮਾਰ ਉਰਫ ਟਿੰਕੂ ਪੁੱਤਰ ਚਮਨ ਲਾਲ ਵਾਸੀ ਪਿੰਡ ਆਦਮਵਾਲ ਥਾਣਾ ਸਦਰ ਹੁਸ਼ਿ: ਨੂੰ ਕਾਬੂ ਕਰਕੇ ਸਮੇਤ ਚੋਰੀ ਦਾ ਮੋਟਰ ਸਾਇਕਲ ਮਾਰਕਾ ਹੀਰੋ ਹਾਡਾ ਸਪਲੈਂਡਰ ਬਿਨਾਂ ਨੰਬਰੀ** ਜਿਸਦੀ ਪਿਛਲੀ ਤੇ ਅਗਲੀ ਨੰਬਰ ਪਲੇਟ ਉਤਾਰੀ ਹੋਈ ਬ੍ਰਾਮਦ ਕੀਤਾ ਤੇ ਜਿਸਦੇ ਖਿਲਾਫ ਮੁਕੱਦਮਾ ਨੰਬਰ 54 ਮਿਤੀ 30-04-2022 ਅ/ਧ 379, 411-ਭ.ਦ ਥਾਣਾ ਸਦਰ ਹੁਸ਼ਿਆਰਪੁਰ ਦਰਜ ਕਰਕੇ ਪੁੱਛਗਿਛ ਕੀਤੀ ਜਾ ਰਹੀ ਹੈ ।

ਇਸੇ ਤਰਾਂ ਮਿਤੀ 30-04-2022 ਨੂੰ ਏ.ਐਸ.ਆਈ. ਸੇਵਾ ਦਾਸ ਥਾਣਾ ਸਦਰ ਹੁਸ਼ਿਆਰਪੁਰ ਨੇ ਸਮੇਤ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਪਿੰਡ ਨਾਰੂ ਨੰਗਲ ਕਿਲਾ ਤੋ ਥੋੜਾ ਪਿੱਛੇ ਮੋੜ ਪਰ ਪਿੰਡ ਨਾਰੂ ਨੰਗਲ ਕਿਲਾ ਸਾਈਡ ਤੋਂ ਆ ਰਹੇ **ਹਰਬੰਸ ਲਾਲ ਉਰਫ ਬੋਬੀ ਪੁੱਤਰ ਮੇਹਰ ਚੰਦ ਵਾਸੀ ਨਾਰੂ ਨੰਗਲ ਖਾਸ ਥਾਣਾ ਸਦਰ ਹੁਸ਼ਿਆਰਪੁਰ ਨੂੰ ਸਮੇਤ ਐਕਟਿਵਾ ਨੰਬਰੀ PB07-BT-0139** ਸ਼ੱਕ ਦੀ ਬਿਨਾਹ ਤੇ ਕਾਬੂ ਕਰਕੇ ਤਲਾਸ਼ੀ ਦੌਰਾਨ ਐਕਟਿਵਾ ਦੀ ਡਿੱਗੀ ਵਿੱਚੋ 85 ਗ੍ਰਾਮ ਨਸ਼ੀਲਾ ਪਾਊਡਰ ਨੁਮਾ ਪਦਾਰਥ ਬ੍ਰਾਮਦ ਹੋਇਆ ।ਜਿਸ ਤੇ ਹਰਬੰਸ ਲਾਲ ਉਰਫ ਬੋਬੀ ਉਕਤ ਖਿਲਾਫ ਮੁਕੱਦਮਾ ਨੰਬਰ 55 ਮਿਤੀ 30-04-2022 ਅ/ਧ 22-61-85 **NDPS ACT** ਥਾਣਾ ਸਦਰ ਹੁਸ਼ਿਆਰਪੁਰ ਦਰਜ ਕਰਕੇ ਪੁੱਛਗਿਛ ਕੀਤੀ ਜਾ ਰਹੀ ਹੈ, ਜਿਹਨਾ ਪਾਸੋ ਹੋਰ ਅਹਿਮ ਸੁਰਾਗ ਮਿਲਣ ਦੀ ਸੰਭਾਵਨਾ ਹੈ ।